# 7

# ''ਤੇਰਾ ਨਾਮ ਪਵਿੱਤਰ ਮੰਨਿਆ ਜਾਵੇ''

ਯਿਸੂ ਨੇ ਸਾਨੂੰ, ਦੁਆ ਵਿਚ ਖ਼ੁਦਾ ਕੋਲੋਂ ਮੰਗਣਾ ਸਿਖਾਇਆ ਕਿ ''ਤੇਰਾ ਨਾਮ ਪਵਿੱਤਰ ਮੰਨਿਆ ਜਾਵੇ'' (ਮੱਤੀ 6:9)। ਭਲਾ ਨਾਂਅ ਨੂੰ ਕੁਝ ਹੁੰਦਾ ਹੈ? ਬਹੁਤੇ ਲੋਕ ਜ਼ੋਰ ਦੇ ਕੇ ''ਨਹੀਂ'' ਆਖਦੇ ਹਨ। ਉਨ੍ਹਾਂ ਨੂੰ ਸਮਝ ਨਹੀਂ ਆਉਂਦਾ ਕਿ ਉਹ ਚੇਲਿਆਂ ਦੀ ਦੁਆ ਦੀ ਪਹਿਲੀ ਦੀ ਬੇਨਤੀ ਨੂੰ ਰੱਦ ਕਰ ਰਹੇ ਹਨ। ਜੋ ਆਦਮੀ ਨਾਂਅ ਦੀ ਅਹਿਮੀਅਤ ਵਿਚ ਯਕੀਨ ਨਹੀਂ ਰੱਖਦਾ ਉਹ ਆਤਮਾ ਅਤੇ ਸਮਝ ਨਾਲ ''ਤੇਰਾ ਨਾਮ ਪਵਿੱਤਰ ਮੰਨਿਆ ਜਾਵੇ'' (ਮੱਤੀ 6:9) ਵਾਲੀ ਦੁਆ ਨਹੀਂ ਕਰ ਸਕਦਾ। ਜੇ ਨਾਂਅ ਦੀ ਕੋਈ ਅਹਿਮੀਅਤ ਨਹੀਂ ਹੈ ਤਾਂ ਪਿਤਾ ਦਾ ਨਾਂਅ ਪਵਿੱਤਰ ਮੰਨੇ ਜਾਣ ਜਾਂ ਅਪਵਿੱਤਰ ਹੋਣ ਨਾਲ ਕੋਈ ਫ਼ਰਕ ਨਹੀਂ ਪੈਂਦਾ।

ਬਹੁਤ ਸਾਰੇ ਲੋਕ ਸ਼ੇਕਸਪੀਅਰ ਦਾ ਹਵਾਲਾ: ''ਨਾਂਅ 'ਚ ਕੀ ਰੱਖਿਆ ਹੈ? ਗੁਲਾਬ ਨੂੰ ਜੇ ਕੋਈ ਹੋਰ ਨਾਂਅ ਵੀ ਦਿੱਤਾ ਜਾਵੇ ਤਾਂ ਉਹਦੀ ਮਹਿਕ ਤਾਂ ਸੋਹਣੀ ਹੀ ਰਹੇਗੀ'' ਦਿੰਦੇ ਹਨ। ਇਹ ਸਾਬਿਤ ਕਰਨ ਲਈ ਕਿ ਧਰਮ ਵਿਚ ਸਹੀ ਕੀ ਹੈ ਜਦ ਕੋਈ ਬਾਈਬਲ ਨੂੰ ਛੱਡ ਕੇ ਸ਼ੇਕਸਪੀਅਰ ਵੱਲ ਜਾਂਦਾ ਹੈ ਤਾਂ ਉਹ ਮੰਨਦਾ ਹੈ ਕਿ ਉਹ ਬਾਈਬਲ ਨਾਲ ਸਹਿਮਤ ਨਹੀਂ ਹੈ। ਗੁਲਾਬ ਦੀ ਇਸ ਮਿਸਾਲ ਨਾਲ ਜੇ ਇਹ ਮੰਨ ਲਿਆ ਜਾਵੇ ਇਕ ਨਾਂਅ ਦੂਜੇ ਵਾਂਗ ਹੀ ਚੰਗਾ ਹੈ, ਤਾਂ ਫਿਰ ਤਰਕਸੰਗਤ ਰੂਪ ਅਨੁਸਾਰ ਬਾਲਜਬੂਲ ਨਾਂਅ ਵੀ ਪਿਤਾ ਦੇ ਨਾਂਅ ਵਾਂਗ ਹੀ ਚੰਗਾ ਹੈ। ਸਾਨੂੰ ਚਾਹੀਦਾ ਹੈ ਕਿ ਬਾਈਬਲ ਦੀਆਂ ਸਚਿਆਈਆਂ ਨੂੰ ਸਾਬਿਤ ਕਰਨ ਲਈ ਜੀਵ ਵਿਗਿਆਨ ਅਤੇ ਅੰਗ੍ਰੇਜ਼ੀ ਸਾਹਿਤ 'ਚੋਂ ਨਿੱਕਲ ਕੇ ਬਾਈਬਲ ਵੱਲ ਚੱਲੀਏ। ਚੇਲਿਆਂ ਦੀ ਦੁਆ ਵਿਚ ਪਹਿਲੀ ਬੇਨਤੀ 'ਤੇ ਧਿਆਨ ਦੇਣ ਨਾਲ ਕਿ ਸਾਨੂੰ ਪਤਾ ਲਗ ਜਾਵੇਗਾ ਕਿ ਯਿਸੂ ਵੀ ਇਹੀ ਮੰਨਦਾ ਸੀ ਅਤੇ ਉਹ ਚਾਹੁੰਦਾ ਸੀ ਕਿ ਉਹਦੇ ਚੇਲੇ ਵੀ ਅਜਿਹਾ ਹੀ ਸੋਚਣ। ਉਹ ਚਾਹੁੰਦਾ ਸੀ ਕਿ ਦੁਆ ਕਰਨ ਵੇਲੇ ਉਹਦੇ ਚੇਲਿਆਂ ਨੂੰ ਖ਼ੁਦਾ ਦੇ ਨਾਂਅ ਦੀ ਸਮਝ ਹੋਵੇ।

## ਇਕ ਪਵਿੱਤਰ ਨਾਮ

ਉਸ ਸਰਬਸ਼ਕਤੀਮਾਨ ਦਾ ਨਾਂਅ ਬਿਨਾਂ ਸੋਚੇ ਸਮਝੇ ਨਹੀਂ ਲਿਆ ਜਾਣਾ ਚਾਹੀਦਾ। ਯਿਸੂ ਚਾਹੁੰਦਾ ਹੈ ਕਿ ਤੁਸੀਂ ਆਪਣੇ ਮਨ ਦੀ ਗਹਿਰਾਈ ਤੋਂ ਚਾਹੋ ਕਿ ਮਨੁੱਖਾਂ ਅਤੇ ਫ਼ਰਿਸ਼ਤਿਆਂ ਵਿਚ ਖ਼ੁਦਾ ਦਾ ਨਾਂਅ, ਸੱਭ ਤੋਂ ਉੱਪਰ ਹੋਵੇ। ਉਹਦਾ ਨਾਂਅ ਪਵਿੱਤਰ ਮੰਨੇ ਜਾਣ 'ਤੇ ਉਹਨੂੰ ਖ਼ੁਦ-ਬ-ਖ਼ੁਦ ਸਭ ਤੋਂ ਉੱਪਰ ਅਤੇ ਸਭ ਤੋਂ ਉੱਚਾ ਥਾਂ ਮਿਲ ਜਾਂਦਾ ਹੈ, ਅਤੇ ਉਸਦੀ ਆਮ ਵਰਤੋਂ ਨਹੀਂ ਕੀਤੀ ਜਾ ਸਕਦੀ। ਐਡਮ ਕਲਾਰਕ ਨੇ ਧਿਆਨ ਦੁਆਇਆ ਕਿ ਯੂਨਾਨੀ ਸ਼ਬਦ ਦਾ ਅਨੁਵਾਦ ''ਪਵਿੱਤਰ'' ਦੋ ਵਿਚਾਰਾਂ ''ਧਰਤੀ'' ਅਤੇ ''ਨਹੀਂ'' ਨਾਲ ਬਣਦਾ ਹੈ; ਇਸ ਕਰਕੇ ਪਿਤਾ ਦਾ ਨਾਂਅ ''ਧਰਤੀ ਉਤਲਾ ਨਹੀਂ'' ਨਾਲ ਹੈ ਅਤੇ ਉਹਨੂੰ ਉਹਦੇ ਪੈਰਾਂ ਦੀ ਚੌਂਕੀ 'ਤੇ ਨਹੀਂ ਧੂਣਾ ਚਾਹੀਦਾ।

## ''ਹੈਲੇਲੂਯਾਹ !''

ਬਹੁਤ ਵੱਡੀ ਭੀੜ ਦੇ ਰੌਲੇ, ਬਹੁਤ ਸਾਰੇ ਪਾਣੀਆਂ ਦੀ ਅਵਾਜ਼ ਅਤੇ ਬਿਜਲੀ ਦੀ ਡਰਾਉਣੀ ਗਰਜ ਵਾਂਗ ਯੂਹੰਨਾ ਤੇ ਇਕ ਅਨੋਖੀ ਗੱਲ ਪਰਗਟ ਕੀਤੀ ਗਈ ਸੀ। ਉਹਨੂੰ ਫ਼ਰਿਸਤਿਆਂ ਦੇ *''ਹੈਲੇਲੂਯਾਹ''* ਗੀਤ ਨੂੰ ਸੁਣਨ ਦਾ ਸ਼ਾਨਦਾਰ ਮੌਕਾ ਮਿਲਿਆ ਸੀ (ਪ੍ਰਕਾਸ਼ ਦੀ ਪੋਥੀ 19:1, 3, 4, 6)।

ਜਿਵੇਂ ਕਿ ਮੈਂ ਬਹੁਤ ਦੇਰ ਤਕ ਸੋਚਦਾ ਸਾਂ ਕਿ ਇਹ ਮਹਾਨ ਸ਼ਬਦ ਸਮਾਧੀ ਵਿਚ ਲੀਨ ਹੋ ਕੇ ਜਜ਼ਬਾਤੀ ਪੁਕਾਰ ਨਹੀਂ ਸਗੋਂ ਇਕ ਹੁਕਮ ਹੈ ਕਿ ''ਖ਼ੁਦਾ ਦੀ ਵਡਿਆਈ ਕਰੋ!'' ਸਾਡੇ ਕੋਲ ਪ੍ਰਕਾਸ਼ ਦੀ ਪੋਥੀ 19 ਵਿਚ ਯੂਹੰਨਾ ਵੱਲੋਂ ਚਾਰ ਵਾਰ ਸੁਣਾਇਆ ਗਿਆ ਸ਼ਬਦ (*ਹਲਲੂਯਾਹ*) ਯੂਨਾਨੀ ਸ਼ਬਦ ਤੋਂ ਆਇਆ, ਜਦ ਕਿ ਇਹਦਾ ਮੂਲ ਇਬਰਾਨੀ ਹੈ। ਦੋ ਸ਼ਬਦਾਂ *ਹਲਲ* ਅਤੇ *ਯਾਹ* ਤੋਂ ਬਣੇ ਇਸ ਸ਼ਬਦ ਦਾ ਅਰਥ ਹੈ, ''ਯਹੋਵਾਹ ਦੀ ਤਾਰੀਫ਼ ਕਰੋ।'' ਜ਼ਬੂਰ 111:1 ਵੇਖੋ। ਮੇਰੀ ਅਮੈਰੀਕਨ ਸਟੈਂਡਰਡ ਵਰਜ਼ਨ ਵਾਲੀ ਬਾਈਬਲ ਵਿਚ ਇਕ ਟਿੱਪਣੀ ਹੈ, ''ਇਬ. *Hallelujah.*'' ਇਸ ਲਈ ਜਦ ਤੁਸੀਂ ਇਸ ਮਹਾਨ ਸ਼ਬਦ ਨੂੰ ਸਮਝ ਨਾਲ ਗਾਉਂਦੇ ਹੋ ਤਾਂ ਤੁਸੀ ਖ਼ੁਦਾ ਦੇ ਨਾਂਅ ਦਾ ਐਲਾਨ ਕਰਦੇ ਹੋਏ ਉਹਦੇ ਨਾਂਅ ਦਾ ਭੈਅ ਮੰਨ ਰਹੇ ਹੁੰਦੇ ਹੋ।

## ਨਾਮ ਬੇਫ਼ਾਇਦਾ ਲੈਣਾ

ਮੂਸਾ ਨੇ (ਲੇਵੀਆਂ 18:21; 19:12; 20:3; 21:6; 22:2) ਖ਼ੁਦਾ ਦਾ ਨਾਂਅ ਬੇਫ਼ਾਇਦਾ ਲੈਣ ਦੇ ਖਿਲਾਫ਼ ਬਾਰ-ਬਾਰ ਚਿਤਾਵਨੀ ਦਿੱਤੀ ਸੀ। ਅਜਿਹਾ ਵੀ ਵਕਤ ਸੀ ਜਦ ਇਹਨੂੰ ਐਨਾ ਪਵਿੱਤਰ ਮੰਨਿਆ ਜਾਂਦਾ ਸੀ ਕਿ ਇਸ ਨਾਮ ਦੀ ਬੇਇੱਜ਼ਤੀ ਜਾਂ ਦੁਰਵਰਤੋਂ ਕਰਨ ਕਰਕੇ ਇਕ ਆਦਮੀ ਨੂੰ ਫੜ ਕੇ ਕੈਦ ਕਰ ਲਿਆ ਗਿਆ। ਜਿਸ ਨੇ ਵੀ ਉਸ ਵੱਲੋਂ ਬੋਲੇ ਗਏ ਕੁਫ਼ਰ ਨੂੰ ਸੁਣਿਆ ਉਹਨੇ ਉਸਨੂੰ ''ਡੇਰੇ ਦੇ ਬਾਹਰ'' ਲੈ ਜਾਣ ਵੇਲੇ ਉੱਥੇ ਹਾਜ਼ਰ ਹੋਣਾ ਸੀ (ਲੇਵੀਆਂ 24:11-14) ਅਤੇ ਹਰ ਗਵਾਹ ਨੇ ਉਸਦੇ ਸਿਰ 'ਤੇ ਹੱਥ ਰੱਖ ਕੇ ਚੱਲਣਾ ਸੀ, ਜਿਸ ਤੋਂ ਇਹ ਸਾਬਿਤ ਹੋਵੇ ਕਿ ਉਸਨੇ ਉਸ ਗੱਲ ਨੂੰ ਮੁਜਰਮ ਨੂੰ ਕਹਿੰਦਿਆਂ ਸੁਣਿਆ। ਉਹਦੇ ਬਾਅਦ ਉਸਨੂੰ ਪੱਥਰ ਮਾਰੇ ਜਾਂਦੇ ਸਨ।

## ਨਾਮ ਲੈਣਾ

ਖ਼ੁਦਾ ਆਪਣੇ ਨਾਂਅ ਦੇ ਕਿਸੇ ਤਰ੍ਹਾਂ ਦੇ ਕੁਫ਼ਰ ਦੀ ਵਰਤੋਂ ਬਾਰੇ ਬਹੁਤ ਸਖ਼ਤ ਸੀ ਅਤੇ ਉਸਨੇ ਪੱਥਰ 'ਤੇ ਲਿਖ ਦਿੱਤਾ ਸੀ ਕਿ ਉਸਦਾ ਨਾਮ ਕਿਸੇ ਤਰ੍ਹਾਂ ਵੀ ਬੇਫ਼ਾਇਦਾ ਨਾ ਲਿਆ ਜਾਵੇ (ਕੂਚ 20:7)। ਉਹ ਪਵਿੱਤਰ ਬਣਾ ਦਿੱਤਾ ਜਾਵੇ, ਉਹਨੇ ਕਦੇ ਨਹੀਂ ਚਾਹਿਆ ਸੀ ਕਿ ਮਨੁੱਖ ਉਸਨੂੰ ਐਨਾ ਪਵਿੱਤਰ ਮੰਨੇ ਕਿ ਆਪਣੀ ਜ਼ਬਾਨ ਤੇ ਹੀ ਨਾ ਲਿਆ ਸਕੇ। ਅਜਿਹਾ ਅੰਧਵਿਸ਼ਵਾਸ ਵਧਿਆ ਅਤੇ ਅੱਜ ਵੀ ਯਹੂਦੀਆਂ ਵਿਚ ਪਾਇਆ ਜਾਂਦਾ ਹੈ।

ਖ਼ੁਦਾ ਨੇ ਹੁਕਮ ਦਿੱਤਾ ਸੀ ਕਿ ਜੋ ਵੀ ਉਸਦਾ ਨਾਮ ਬੇਫ਼ਾਇਦਾ ਲਏ ਉਹਨੂੰ ਪੱਥਰ ਮਾਰ-ਮਾਰ ਕੇ ਮਾਰ ਦਿੱਤਾ ਜਾਵੇ (ਲੇਵੀਆਂ 24:16), ਅਤੇ ਇਸ ਤੀਜੇ ਹੁਕਮ ਦੀ ਨਾਸਮਝੀ ਕਰਕੇ ਰੱਬੀਆਂ ਨੇ ਇਹ ਸਿੱਖਿਆ ਦਿੱਤੀ ਕਿ ਖ਼ੁਦਾ ਦਾ ਨਾਮ ਨਾ ਦੱਸਿਆ ਜਾਵੇ, ਨਾ ਮੂੰਹੋਂ ਕੱਢਿਆ ਜਾਵੇ ਕਿਉਂਕਿ ਇਹ ਐਨਾ ਪਵਿੱਤਰ ਹੈ ਕਿ ਪਾਪੀ ਮੂੰਹ ਵਿੱਚੋਂ ਉਹ ਲਿਆ ਨਾ ਜਾਵੇ। ਜਦ ਕਿ ਖ਼ੁਦਾ ਦੀ ਚਿਤਾਵਨੀ ਸਿਰਫ਼ ਨਾਮ ਬੇਫ਼ਾਇਦਾ ਲਏ ਜਾਣ ਬਾਰੇ ਸੀ ਨਾ ਕਿ ਨਾਮ ਬੋਲੇ ਜਾਣ ਬਾਰੇ। ਜੇ ਨਾਂਅ ਲੈਣ ਦੀ ਮਨਾਹੀ ਸੀ ਤਾਂ ਜ਼ਰੂਰ ਹੀ ਬਾਈਬਲ ਦੇ ਸਮੇਂ ਵਿਚ ਭਲੇ ਲੋਕਾਂ ਦੀ ਭੀੜ ਉਸਦਾ ਨਾਮ ਅਜ਼ਾਦੀ ਨਾਲ ਨਾ ਲੈਂਦੀ, ਪਰ ਪੁਰਾਣੇ ਨੇਮ ਵਿਚ ਉਸਦਾ ਨਾਮ 6,873 ਵਾਰ[2] ਮਿਲਦਾ ਹੈ।

ਇਬਰਾਨੀ ਸ਼ਬਦ ਦਾ ਸੰਖੇਪ ਰੂਪ ਜ਼ਬੂਰ 68:4 ਵਿਚ ਮਿਲਦਾ ਹੈ: ''ਖ਼ੁਦਾ ਲਈ ਗਾਓ, ਉਹਦੇ

ਨਾਮ ਦੇ ਭਜਨ ਗਾਓ, ਥਲਾਂ ਵਿਚ ਅਸਵਾਰ ਲਈ ਇਕ ਸ਼ਾਹੀ ਸੜਕ ਬਣਾਓ, ਉਹਦਾ ਨਾਮ ਯਾਹ ਹੈ, ਉਹ ਦੇ ਅੱਗੇ ਬਾਗ਼ ਬਾਗ਼ ਹੋ ਜਾਓ।'' ਇਸ ਸੰਖੇਪ ਸ਼ਬਦ ਦਾ ਅਰਥ ਇਹ ਨਹੀਂ ਹੈ ਕਿ ਨਾਂਅ ਲਿਆ ਨਹੀਂ ਜਾ ਸਕਦਾ, ਸਗੋਂ ਇਸ ਤੋਂ ਇਹ ਸੁਝਾਅ ਮਿਲਦਾ ਹੈ ਕਿ ਇਸ ਨਾਮ ਦੀ ਬਹੁਤ ਵਰਤੋਂ ਹੁੰਦੀ ਸੀ। ਇਸਰਾਏਲੀ ਲੋਕ ਆਪਣੇ ਆਪ ਨੂੰ ਖ਼ੁਦਾ ਦੇ ਬਹੁਤ ਹੀ ਨੇੜੇ ਮੰਨਦੇ ਸੀ ਅਤੇ ਉਹਦਾ ਨਾਂਅ ਢੀਠ ਹੋ ਕੇ ਨਹੀਂ ਸਗੋਂ ਖੁੱਲ੍ਹ ਕੇ ਬੜੇ ਹੀ ਸਤਿਕਾਰ ਨਾਲ, ਬੇ ਝਿਜਕ ਲੈਂਦੇ ਸਨ।

## ''ਭੈ'' ਨਾਮ

ਜ਼ਬੂਰ 111:9 ਦੀ ਉਨ੍ਹਾਂ ਲੋਕਾਂ ਵੱਲੋਂ ਅਨਜਾਣਪੁਣੇ ਵਿਚ ਦੁਰਵਰਤੋਂ ਹੋਈ ਹੈ ਜੋ ਇਹ ਸੰਕੇਤ ਦਿੰਦੇ ਹਨ ਕਿ ਕਿੰਗ ਜੇਮਸ ਵਾਲੀ ਅੰਗ੍ਰੇਜ਼ੀ ਬਾਈਬਲ ਵਿਚ ''reverend'' ਸ਼ਬਦ ਇੱਕੋ ਵਾਰ ਆਇਆ ਹੈ, ਅਤੇ ਇੱਥੇ ਖ਼ੁਦਾ ਲਈ ਵਰਤਿਆ ਗਿਆ ਹੈ।[3] ਸੱਚ ਤਾਂ ਇਹ ਹੈ ਕਿ ਅੰਗ੍ਰੇਜ਼ੀ ਬਾਈਬਲ ਵਿਚ ਇੱਥੇ ਜਿਸਦਾ ਅਨੁਵਾਦ ''reverend'' (ਇਬਰਾਨੀ: *yare'* ਜਿਸਦਾ ਅਨੁਵਾਦ ਪੰਜਾਬੀ ਵਿਚ ''ਭੈ ਯੋਗ'' ਹੈ-ਅਨੁਵਾਦਕ) ਹੋਇਆ ਹੈ, ਪੁਰਾਣੇ ਨੇਮ ਵਿਚ ਤਿੰਨ ਸੌ ਤੋਂ ਵੱਧ ਵਾਰ ਮਿਲਦਾ ਹੈ। ਇਬਰਾਨੀ ਸ਼ਬਦ *yare'* ਦਾ ਅਰਥ ਹੈ ''ਭੈ ਖਾਣਾ'' ਜਾਂ ''ਡਰਨਾ।'' ਲੂਤ ਜਿਸ ਨਗਰ ਵਿਚ ਰਹਿਣ ਤੋਂ ਡਰਦਾ ਸੀ (*yare'*; ਉਤਪਤ 19:30)। ਫਿਰ ਮੂਸਾ ਨੇ ਹੁਕਮ ਦਿੱਤਾ ਕਿ ''ਤੁਸੀਂ ਆਪਣੀ ਮਾਂ ਅਤੇ ਆਪਣੇ ਪਿਓ ਤੋਂ ਡਰਨਾ [*yare'*]'' (ਲੇਵੀਆਂ 19:3)। ਇਸਰਾਏਲੀ ਲੋਕ ਮੂਸਾ, ਯਹੋਸ਼ੁਆ ਅਤੇ ਖ਼ੁਦਾ ਤੋਂ ਡਰਦੇ ਜਾਂ ਭੈ ਖਾਂਦੇ (*yare'*) ਸਨ (ਯਹੋਸ਼ੁਆ 4:14; ਲੇਵੀਆਂ 19:14)। ਜ਼ਬੂਰ 111:9 ਦੀ ਇਹ ਮਹਾਨ ਆਇਤ ਖ਼ੁਦਾ ਦੇ ਨਾਂਅ ਨੂੰ ਵਡਿਆਈ ਦਿੰਦੀ ਹੈ। ਨਾਮ ਦਾ ਆਦਰ, ਸ਼ਰਧਾ ਭਰਿਆ *ਭੈ* ਜਾਂ ਡਰ ਦੇ ਯੋਗ ਹੈ। ਇਹੀ ਸ਼ਬਦ (*yare'*) ਵਿਵਸਥਾਸਾਰ 28:58 ਵਿਚ ਦੋ ਵਾਰ ਵਰਤਿਆ ਗਿਆ ਹੈ: ''ਇਸ ਪ੍ਰਤਾਪ ਵਾਲੇ ਅਤੇ *ਭੈਦਾਇਕ* ਨਾਮ ਤੋਂ ਅਰਥਾਤ ਯਹੋਵਾਹ ਆਪਣੇ ਖ਼ੁਦਾ ਤੋਂ *ਡਰੋ* ...।''

ਕੰਬਦੇ ਹੋਏ ਸੀਨਾ ਪਹਾੜ ਤੇ ਬੱਦਲਾਂ ਵਿਚ ਦੀ ਯਹੋਵਾਹ ਦੇ ਉਤਰਨ ਵੇਲੇ ਮੂਸਾ ਕੋਲੋਂ ਦੀ ਜਾਣ ਅਤੇ ਨਾਮ ਦਾ ''ਐਲਾਨ'' ਕਰਨ ਤੇ ਯਕੀਨਨ ਇਕ ਬੜੀ ਸ਼ਰਧਾ ਨਾਲ ਭੈਭੀਤ ਹੋ ਗਏ ਸਨ: ''ਯਹੋਵਾਹ, ਯਹੋਵਾਹ ਦਿਆਲੂ ਅਤੇ ਕਿਰਪਾਲੂ ਪਰਮੇਸ਼ੁਰ ਹੈ ਕ੍ਰੋਧ ਅਤੇ ਧੀਰਜ ਅਤੇ ਭਲਿਆਈ ਤੇ ਸਚਿਆਈ ਨਾਲ ਭਰਭੂਰ ਹੈ'' (ਕੂਚ 34:6)।

ਫਿਰ ਖ਼ੁਦਾ ਨੇ ਇਹ ਖ਼ੂਬਸੂਰਤ ਅਤੇ ਦੁਨੀਆਂ ਭਰ ਵਿਚ ਜਾਣੀ ਜਾਂਦੀ ਯਾਜਕਾਈ ਵਾਲੀ ਬਰਕਤ ਦੇਣ ਦੀ ਸਿਫ਼ਾਰਿਸ਼ ਕੀਤੀ:

> ਯਹੋਵਾਹ ਤੈਨੂੰ ਬਰਕਤ ਦੇਵੇ ਅਤੇ ਤੇਰੀ ਰਾਖੀ ਕਰੇ:
> ਯਹੋਵਾਹ ਆਪਣੇ ਮੁਖੜੇ ਨੂੰ ਤੇਰੇ ਉੱਤੇ ਚਮਕਾਵੇ:
> ਅਤੇ ਤੇਰੇ ਉੱਤੇ ਦਿਆ ਕਰੇ,
> ਯਹੋਵਾਹ ਆਪਣਾ ਮੁਖੜਾ ਤੇਰੇ ਵੱਲ ਫੇਰੇ
> ਅਤੇ ਤੈਨੂੰ ਸ਼ਾਂਤੀ ਦੇਵੇ (ਗਿਣਤੀ 6:24-26)।

ਸਰਬਸ਼ਕੀਮਾਨ ਖ਼ੁਦਾ ਨੇ ਆਪਣਾ ਨਾਂਅ ਉਨ੍ਹਾਂ ਮੁਬਾਰਕ ਸ਼ਬਦਾਂ ਵਿਚ ਤਿੰਨ ਵਾਰ ਬਿਨਾ ਸੋਚੇ ਸਮਝੇ ਨਹੀਂ ਪਾਇਆ, ਕਿਉਂਕਿ ਉਹਨੇ ਦੱਸਿਆ ਕਿ ''ਇਉਂ ਉਹ ਮੇਰਾ ਨਾਮ ਇਸਰਾਏਲੀਆਂ ਉੱਤੇ ਰੱਖਣ ਅਤੇ ਮੈਂ ਉਨ੍ਹਾਂ ਨੂੰ ਬਰਕਤਾਂ ਦਿਆਂਗਾ'' (ਗਿਣਤੀ 6:27)।

ਚਾਰੇ ਪਾਸਿਓਂ ਚਮਕਦੇ ਹੋਏ ਕਰੂਬਾਂ ਨਾਲ ਸੋਨੇ ਦੇ ਸੰਦੂਕ 'ਤੇ ਹੀ ਖ਼ੁਦਾ ਆਪਣੇ ਲੋਕਾਂ ਨੂੰ

ਮਿਲਦਾ ਸੀ (ਕੂਚ 25:22)। ਇਕ ਤੋਂ ਦੂਜੀ ਥਾਂ ਲਿਜਾਂਦਿਆਂ ਉਹ ਸੰਦੂਕ ਨੂੰ ਨਾ ਤਾਂ ਵੇਖਦੇ ਸਨ ਅਤੇ ਨਾ ਹੀ ਉਸਨੂੰ ਛੂੰਹਦੇ ਸਨ (ਗਿਣਤੀ 4:5, 6)। ਅਣਅਧਿਕਾਰਤ ਲੋਕ ਜਿਨ੍ਹਾਂ ਨੇ ''ਪਲ ਭਰ ਲਈ'' ਵੇਖਿਆ, ਮਰ ਗਏ ਸਨ (ਗਿਣਤੀ 4:20)। ਇਸਨੂੰ ਧਰਤੀ ਤੇ ਅੱਤ ਪਵਿੱਤਰ ਜਾਂ ਪਰਮ ਪਵਿੱਤਰ ਥਾਂ ਤੇ ਰੱਖਿਆ ਗਿਆ ਸੀ (ਕੂਚ 26:33; 40:21)। ਇਸ ਪਵਿੱਤਰ ਸੰਦੂਕ ਨੂੰ ਠੀਕ ''ਉਸ ਨਾਮ ਤੋਂ ਭਾਵ ਸੈਨਾ ਦੇ ਯਹੋਵਾਹ ਦੇ ਨਾਮ ਨਾਲ ਜਾਣਿਆ ਜਾਂਦਾ'' ਸੀ ਜੋ ਕਰੂਬਾਂ ਦੇ ਵਿਚਕਾਰ ਵਿਰਾਜਮਾਨ ਹੈ (2 ਸਮੂਏਲ 6:2)।

## ਨਾਮ ਦੀ ਸ਼ਕਤੀ

ਖ਼ੁਦਾ ਦੇ ਨਾਮ ਦੀ ਸ਼ਕਤੀ ਦੀ ਸਮਝ ਹਰ ਇਮਾਨਦਾਰ ਯਹੂਦੀ ਨੂੰ ਸੀ। ਜੁਆਨ ਦਾਊਦ ਲਸ਼ਕਰਾਂ ਦੇ ਯਹੋਵਾਹ ਦੇ ਨਾਮ ਨਾਲ ਗੋਲੀਅਥ ਨਾਲ ਮੁਕਾਬਲਾ ਕਰਨ ਤੋਂ ਡਰਿਆ ਨਹੀਂ ਸੀ (1 ਸਮੂਏਲ 17:45)। ਓਸੇ ਜੁਆਨ ਨੂੰ ''ਇਸਰਾਏਲ ਦਾ ਸੁਰੀਲਾ ਗਾਇਕ'' ਬਣਨ ਦੇ ਬਾਅਦ ਹਰ ਯਹੂਦੀ ਨੂੰ ਸਮਝਣ ਦੀ ਪ੍ਰੇਰਨਾ ਮਿਲੀ ਸੀ।

> ਹੈਲੇਲੂਯਾਹ!
> ਹੇ ਯਹੋਵਾਹ ਦੇ ਸੇਵਕੋ, ਉਸਤਤ ਕਰੋ,
> ਯਹੋਵਾਹ ਦੀ ਉਸਤਤ ਕਰੋ।
> ਯਹੋਵਾਹ ਦਾ ਨਾਮ ਮੁਬਾਰਕ ਹੋਵੇ,
> ਹੁਣ ਤੋਂ ਲੈ ਕੇ ਸਦੀਪਕ ਕਾਲ ਤੀਕੁਰ!
> ਸੂਰਜ ਦੇ ਚੜ੍ਹਨ ਤੋਂ ਉਹਦੇ ਲਹਿਣ ਤੀਕ
> ਯਹੋਵਾਹ ਦੇ ਨਾਮ ਦੀ ਉਸਤਤ ਕਰੋ! (ਜ਼ਬੂਰ 113:1-3)।

## ਖ਼ੁਦਾ ਤੋਂ ਦੁਆ ਕਰਨਾ

ਜਿਵੇਂ ਦਾਊਦ ਦੇ ਵਕਤ ਅਤੇ ਯਿਸੂ ਵੱਲੋਂ ਚੇਲਿਆਂ ਨੂੰ ਦੁਆ ਕਰਨਾ ਸਿਖਾਉਣ ਵੇਲੇ ਵੀ ਉਹ ਖ਼ੁਦਾਈ ਨਾਮ ਮੁਬਾਰਕ ਅਤੇ ਸਰਬਸ਼ਕਤੀਮਾਨ ਸੀ, ਅੱਜ ਜੇ ਸਿਰਫ਼ ਖ਼ੁਦਾ ਦੇ ਨਾਮ 'ਚ ਦੁਆ ਕੀਤੀ ਜਾਵੇ ਤਾਂ ਉਹ ਛੱਤ ਤੋਂ ਉਤਾਂਹ ਨਹੀਂ ਜਾ ਸਕਦੀ। ਖ਼ੁਦਾ ਦੇ ਨਾਲ ਤੁਸੀਂ ਖ਼ੁਦਾ ਕੋਲ਼ ਪਹੁੰਚ ਨਹੀਂ ਸਕਦੇ! ਪਿਤਾ ਦੇ ਆਪਣੇ ਹੀ ਉਪਾਅ ਮੁਤਾਬਕ ਖ਼ੁਦਾ ਅਤੇ ਮਨੁੱਖ ਦੇ ਦਰਮਿਆਨ ਵਿਚੋਲਾ ਬਣਿਆ ਹੈ (1 ਤਿਮੋਥਿਉਸ 2:5)। ਉਹਦੀ ਆਪਣੀ ਹੀ ਸ਼ੁੱਭ ਇੱਛਾ ਨਾਲ, ਇਕ ਬੁੱਧ ਦੇ ਸੁਆਮੀ ਨੇ ਸਭ ਕੁਝ ਮਸੀਹ ਵਿਚ ਇਕੱਠਾ ਕਰਨ ਦੀ ਤਰਕੀਬ ਬਣਾਈ (ਅਫ਼ਸੀਆਂ 1:10)। ਖ਼ੁਦਾ ਮਨੁੱਖ ਦਾ ਰੁਤਬਾ ਐਨਾ ਵੱਡਾ ਹੈ ਕਿ ਉਹ ਐਨੀ ਹੈਰਾਨ ਕਰਨ ਵਾਲੀ ਗੱਲ ਕਹਿ ਸਕਿਆ ''*ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ ਕੋਈ ਮੇਰੇ ਵਸੀਲੇ ਤੋਂ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ ਹੈ*'' (ਯੂਹੰਨਾ 14:6)। ਆਪਣੀ ਬੇਖੋਜ ਇੱਛਾ ਦੀ ਸਲਾਹ ਨਾਲ, ਖ਼ੁਦਾ ਕਿਸੇ ਨੂੰ ਮਸੀਹ ਦੇ ਬਾਹਰ ਨਹੀਂ ਬਚਾਉਂਦਾ ਹੈ। ਯਿਸੂ ਸਵੇਰ ਦਾ ਚਮਕਦਾ ਤਾਰਾ, ਦਾਊਦ ਦੀ ਜੜ੍ਹ ਅਤੇ ਅੰਸ, ਅਲਫ਼ਾ ਅਤੇ ਓਮੇਗਾ, ਪਹਿਲਾ ਅਤੇ ਪਿਛਲਾ ਹੈ (ਪ੍ਰਕਾਸ਼ ਦੀ ਪੋਥੀ 22:13, 16)। ਉਹ ਖੂੰਜੇ ਦਾ ਸਿਰਾ ਹੈ। ''ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ'' (ਰਸੂਲਾਂ ਦੇ ਕੰਮ 4:12)।

ਪਰ, ਮਸੀਹ ਕੋਲ ਹਮੇਸ਼ਾ ਤੋਂ ਅਜਿਹਾ ਉੱਚਾ ਥਾਂ ਨਹੀਂ ਸੀ। ਪੈਂਟੀਕਾਸਟ ਵਾਲੇ ਦਿਨ ਤੋਂ ਪਹਿਲਾਂ, ਉਸਦੀ ਫ਼ਤਹਿਮੰਦ ਮੌਤ ਤੋਂ ਬਾਅਦ, ਮੁਕਤੀ ਉਹਦੇ ਨਾਮ ਤੋਂ ਨਹੀਂ ਸੀ, ਅਤੇ ਨਾ ਹੀ ਦੁਆ

ਉਹਦੇ ਨਾਮ ਵਿਚ ਹੁੰਦੀ ਸੀ। ਉਹਨੇ ਕਿਹਾ, ''ਅਜੇ ਤੀਕਰ ਤੁਸੀਂ ਮੇਰਾ ਨਾਮ ਲੈ ਕੇ ਕੁਝ ਨਹੀਂ ਮੰਗਿਆ'' (ਯੂਹੰਨਾ 16:24)। ਇਸ ਲਈ ਆਪਣੇ ਚੇਲਿਆਂ ਨੂੰ ਦੁਆ ਕਰਨੀ ਸਿਖਾਉਂਦਿਆਂ, ਉਸਨੇ ਉਨ੍ਹਾਂ ਨੂੰ ਆਪਣੇ ਨਾਮ 'ਚ ਦੁਆ ਕਰਨੀ ਨਹੀਂ ਸਿਖਾਈ। ਉਸ ਵਕਤ ਅਜਿਹੀ ਸਿੱਖਿਆ ਸਹੀ ਨਹੀਂ ਹੋਣੀ ਸੀ। ਇਹ ਇਕ ਵਜ੍ਹਾ ਹੈ ਕਿ ਮੱਤੀ 6:9-13 ਵਿਚ ਚੇਲਿਆਂ ਦੀ ਦੁਆ ਅੱਜ ਪੁਰਾਣੀ ਹੋ ਗਈ ਹੈ। ਉਹ ਦੁਆ ਸਿਖਾਏ ਜਾਣ ਦੇ ਬਾਅਦ ਮਨੁੱਖੀ ਇਤਿਹਾਸ ਵਿਚ ਵੱਡੀ ਘਟਨਾ ਵਾਪਰੀ ਹੈ। ਸੁਰਗ ਅਤੇ ਧਰਤੀ ਦਾ ਪ੍ਰਬੰਧ ਬਦਲ ਗਿਆ ਹੈ। ਖ਼ੁਦਾ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾ ਕੇ ਆਪਣੇ ਸੱਜੇ ਹੱਥ ਬਿਠਾ ਕੇ ਜਲਾਲ ਬਖ਼ਸ਼ਿਆ ਹੈ। ਉਹਨੇ ਸਿਰਫ਼ ਉਸਨੂੰ ਉਹ ਨਾਮ ਹੀ ਨਹੀਂ ਦਿੱਤਾ ਜੋ ਸਭ ਨਾਵਾਂ ਤੋਂ ਉੱਚਾ ਹੈ, ਬਲਕਿ ਉਹਨੇ ਸਾਰੇ ਅਧਿਕਾਰ ਅਤੇ ਸਮਰੱਥਾ ਅਤੇ ਸ਼ਕਤੀਆਂ ਉਹਦੇ ਅਧੀਨ ਕਰ ਦਿੱਤੀਆਂ ਹੈ। ਮਨੁੱਖਾਂ ਦੇ ਨਾਲ-ਨਾਲ ਫ਼ਰਿਸ਼ਤਿਆਂ ਨੂੰ ਵੀ ਉਹਦੀ ਬੰਦਗੀ ਕਰਨ ਦਾ ਹੁਕਮ ਦਿੱਤਾ ਗਿਆ (ਅਫ਼ਸੀਆਂ 1:20-23; ਇਬਰਾਨੀਆਂ 1:6)।

ਹੁਣ ਜਦ ਮੈਂ ਅਤੇ ਤੁਸੀਂ ਦੁਆ ਕਰਦੇ ਹਾਂ ਤਾਂ ਅਸੀਂ ਨਾ ਸਿਰਫ਼ ''ਮੈਂ ਜੋ ਹਾਂ ਸੋ ਹਾਂ'' (ਕੂਚ 3:14) ਦਾ ਨਾਂਅ ਪਵਿੱਤਰ ਮੰਨਦੇ ਹਾਂ ਸਗੋਂ ਉਹਦੇ ਇਕਲੌਤੇ ਪੁੱਤਰ ਦਾ ਨਾਮ ਵੀ ਪਵਿੱਤਰ ਮੰਨਦੇ ਹਾਂ। ਅਸੀਂ ਉਹਦੇ ਪੁੱਤਰ ਨੂੰ ਵਡਿਆਈ ਦਿੱਤੇ ਬਗੈਰ, ਜਿਸਦੇ ਹੱਥਾਂ ਵਿਚ ਸਭ ਕੁਝ ਦਿੱਤਾ ਗਿਆ ਹੈ ਪਿਤਾ ਦੀ ਵਡਿਆਈ ਨਹੀਂ ਕਰ ਸਕਦੇ (ਮੱਤੀ 11:27; ਯੂਹੰਨਾ 5:23)। ਸੁਰਗ ਵਿਚ ਫ਼ਰਿਸ਼ਤੇ ਵੀ ਆਖਦੇ ਹਨ, ''ਲੇਲਾ ਜਿਹੜਾ ਕੋਹਿਆ ਗਿਆ ਸੀ ਸਮਰੱਥ, ਧਨ, ਬੁੱਧ, ਸ਼ਕਤੀ, ਮਾਣ, ਮਹਿਮਾ ਅਤੇ ਧੰਨਵਾਦ ਲੈਣ ਦੇ ਯੋਗ ਹੈ'' (ਪ੍ਰਕਾਸ਼ ਦੀ ਪੋਥੀ 5:12)।

ਮਹਾਨ ਖ਼ੁਦਾ ਨੇ ਠਹਿਰਾ ਦਿੱਤਾ ਹੈ ਕਿ ਸਭ ਕੌਮਾਂ ਵਿਚ ਤੌਬਾ ਅਤੇ ਪਾਪਾਂ ਦੀ ਮਾਫ਼ੀ ਦਾ ਪ੍ਰਚਾਰ ਉਸਦੇ ਨਾਂਅ ਵਿਚ ਕੀਤਾ ਜਾਵੇ (ਲੂਕਾ 24:46, 47)। ਪੈਂਟੀਕਾਸਟ ਵਾਲੇ ਦਿਨ ਯਰੂਸ਼ਲਮ ਵਿਚ ਜ਼ਿੰਦਾ ਖ਼ੁਦਾ ਦੀ ਕਲੀਸੀਆ ਦੇ ਜਨਮ ਅਸਥਾਨ ਅਤੇ ਜਨਮ ਦਿਨ ਤੇ ਸੁਰਗੋਂ, ਰਸੂਲਾਂ 'ਤੇ ਪਵਿੱਤਰ ਆਤਮਾ ਉੱਤਰਿਆ ਸੀ। ਉਸ ਦਿਨ ਹਰ ਕਿਸੇ ਨੂੰ ਤੌਬਾ ਕਰਨ ਅਤੇ ''ਯਿਸੂ ਮਸੀਹ ਦੇ ਨਾਂਅ ਵਿਚ'' ਪਾਪਾਂ ਦੀ ਮਾਫ਼ੀ ਲਈ ਬਪਤਿਸਮਾ ਲੈਣ ਦਾ ਹੁਕਮ ਦਿੱਤਾ ਗਿਆ ਸੀ (ਰਸੂਲਾਂ ਦੇ ਕੰਮ 2:38)। ਉਸ ਦਿਨ ਤੋਂ ਚੇਲਿਆਂ ਦੀ ਦੁਆ ਨੂੰ ਓਸੇ ਤਰ੍ਹਾਂ ਕਰਨ ਦੀ ਲੋੜ ਨਹੀਂ ਰਹੀਂ ਸੀ, ਉਸ ਦਿਨ ਤੋਂ ਹਰ ਦੁਆ ਯਿਸੂ ਦੇ ਨਾਮ ਵਿਚ ਕੀਤੀ ਜਾਣੀ ਜ਼ਰੂਰੀ ਹੈ (ਕੁਲੁੱਸੀਆਂ 3:17) ਭਾਵ ਮਸੀਹੀ ਜ਼ਿੰਦਗੀ ਵਿਚ ਬਚਨ ਜਾਂ ਕਰਮ ਜੋ ਵੀ ਹੋਵੇ ਸਭ ਕੁਝ ਪ੍ਰਭੂ ਯਿਸੂ ਦੇ ਨਾਮ ਵਿਚ ਕੀਤਾ ਜਾਣਾ ਜ਼ਰੂਰੀ ਹੈ। ਖ਼ੁਦਾ ਦੀ ਇੱਛਾ ਹੈ ਕਿ ਹਰ ਜ਼ੁਬਾਨ ਉਸਦੇ ਨਾਂਅ ਨੂੰ ਮੰਨ ਲਏ ਜੋ ਸਭ ਨਾਵਾਂ ਤੋਂ ਉੱਚਾ ਹੈ (ਫ਼ਿਲਿੱਪੀਆਂ 2:9)। ਇਸ ਤੋਂ ਪਿਤਾ ਦੇ ਨਾਂਅ ਦਾ ਅਨਾਦਰ ਨਹੀਂ ਹੁੰਦਾ, ਇਸਦੇ ਉਲਟ ਖ਼ੁਦਾ ਨੇ ਠਹਿਰਾ ਰੱਖਿਆ ਹੈ ਕਿ ਜੋ ਕੋਈ ਪੁੱਤਰ ਨੂੰ ਵਡਿਆਈ ਨਹੀਂ ਦਿੰਦਾ, ਉਹ ਪਿਤਾ ਦੀ ਵਡਿਆਈ ਵੀ ਨਹੀਂ ਕਰਦਾ, ਜਿਹਨੇ ਉਹਨੂੰ ਭੇਜਿਆ ਸੀ (ਯੂਹੰਨਾ 5:23)। ਫਿਰ ਤਾਂ ਸਚਮੁਚ ਜਦ ਤੁਸੀਂ ਯਿਸੂ ਦੇ ਨਾਂਅ ਨੂੰ ਪਵਿੱਤਰ ਜਾਣਦੇ ਹੋ ਅਤੇ ਉਹਦੇ ਨਾਮ ਦੇ ਮਗਰ ਚੱਲਦੇ ਹੋ ਤਾਂ ਪਿਤਾ ਦੇ ਨਾਂਅ ਨੂੰ ਵੀ ਪਵਿੱਤਰ ਮੰਨ ਰਹੇ ਹੁੰਦੇ ਹੋ।

---

ਟਿੱਪਣੀਆਂ

[1]ਸ਼ੇਕਸਪੀਅਰ, *ਰੋਮੀਓ ਐਂਡ ਜੂਲੀਅਟ,* ਐਕਟ 2, ਸੀਨ 2. [2]ਵਿਲੀਅਮ ਜਸੇਨਿਯੁਸ, *ਏ ਹਿਬਰੂ ਐਂਡ ਇੰਗਲਿਸ਼ ਲੈਕਸੀਕਨ ਆਫ਼ ਓਲਡ ਟੈਂਸਟਾਮੈਂਟ,* ਅਨੁਵਾਦ, ਐਡਵਰਡ ਰੋਬਿੰਸਨ, ਸੰਪਾਦਨ ਫ਼੍ਰਾਂਸਿਸ ਬ੍ਰਾਊਨ, ਐਸ. ਆਰ. ਡ੍ਰਾਈਵਰ, ਅਤੇ ਚਾਰਲਸ ਏ. ਬ੍ਰਿਗਜ਼ (ਆਕਸਫ਼ੋਰਡ: ਕਲੇਰਡਨ ਪ੍ਰੈੱਸ, 1957), 217. [3]ਆਮ ਤੌਰ ਤੇ ਇਸ ਸਬੂਤ ਦੇ ਤੌਰ ਤੇ ਕਿ

ਕਿਸੇ ਨੂੰ ''ਰੈਵਰੈਂਡ'' ਨਹੀਂ ਅਖਵਾਉਣਾ ਚਾਹੀਦਾ ਇਸ ਆਇਤ ਦੀ ਦੁਰਵਰਤੋਂ ਕੀਤੀ ਜਾਂਦੀ ਹੈ। ਪ੍ਰਚਾਰਕਾਂ ਨੂੰ ''ਰੈਵਰੈਂਡ'' ਜਾਂ ''ਰਾਈਟ ਰੈਵਰੈਂਡ'' ਜਾਂ ''ਵਰਸ਼ਿਪਫੁਲ ਸਰ'' ਜਾਂ ''ਮੋਸਟ ਵਰਸ਼ਿਪਸ਼ਫੁਲ ਸਰ'' ਜਾਂ ''ਦਿ ਵੈਰੀ ਰਾਈਟ ਰੈਵਰੈਂਡ'' ਜਾਂ ''ਫ਼ਾਦਰ'' (ਪਾਦਰੀ ਆਦਿ-ਅਨੁਵਾਦਕ) ਜਾਂ ਕਿਸੇ ਹੋਰ ਧਾਰਮਿਕ ਅਹੁਦੇ ਨਾਲ ਕਹਾਉਣ ਤੋਂ ਇਨਕਾਰ ਕਰਨਾ ਚਾਹੀਦਾ ਹੈ, ਬੇਸ਼ਕ ਜ਼ਬੂਰ 111:9 ਇਹ ਨਹੀਂ ਸਿਖਾਉਂਦਾ ਹੈ। ਕਈ ਵਾਰ ''ਭਾਈ'' ਜਾਂ ''ਬ੍ਰਦਰ'' ਨੂੰ ਅਹੁਦੇ ਦੇ ਤੌਰ ਤੇ ਵਰਤਿਆ ਜਾਂਦਾ ਹੈ, ਕਿਉਂਕਿ ਅਜਿਹੇ ਲੋਕ ਵੀ ਹਨ ਜੋ ਪ੍ਰਚਾਰਕਾਂ ਨੂੰ '' ... ਬ੍ਰਦਰ'' ਆਖਦੇ ਹਨ, ਜਦ ਕਿ ਕਲੀਸੀਆ ਦੇ ਦੂਜੇ ਮੈਂਬਰਾਂ ਦਾ ਸਿੱਧਾ ਨਾਂਅ ਲੈਣਾ ਪਸੰਦ ਕਰਦੇ ਹਨ। ਸਾਡੇ ਪ੍ਰਭੂ ਦੇ ਧਰਮ ਵਿਚ ਇਨ੍ਹਾਂ ਅਹੁਦਿਆਂ ਨੂੰ ਵਰਤਣ ਦੀ ਮਨਾਹੀ ਕੀਤੀ ਜਾਂਦੀ ਹੈ: ''ਪਰ ਤੁਸੀਂ ਸੁਆਮੀ ਨਾ ਕਹਾਓ ਕਿਉਂ ਜੋ ਤੁਹਾਡਾ ਗੁਰੂ ਇੱਕੋ ਹੈ ਅਰ ਤੁਸੀਂ ਸੱਭ ਭਾਈ ਹੋ। ਧਰਤੀ ਉੱਤੇ ਕਿਸੇ ਨੂੰ ਆਪਣਾ ਪਿਤਾ ਨਾ ਆਖੋ ਕਿਉਂ ਜੋ ਤੁਹਾਡਾ ਪਿਤਾ ਇੱਕੋ ਹੈ ਜਿਹੜਾ ਅਕਾਸ਼ ਉੱਤੇ ਹੈ'' (ਮੱਤੀ 23:8, 9)।